ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਬਠਿੰਡਾ

ਕੋਵਿਡ 19

## ਬਠਿੰਡਾ ਜ਼ਿਲੇ ਵਿਚ ਹੁਣ ਤੱਕ ਲਏ ਗਏ 1901 ਨਮੂਨੇ

## ਇਕ ਹੋਰ ਮਰੀਜ ਠੀਕ ਹੋ ਕੇ ਘਰ ਪਰਤਿਆ

## ਜ਼ਿਲੇ ਵਿਚ ਹੁਣ ਕੇਵਲ 3 ਐਕਟਿਵ ਕੇਸ

ਬਠਿੰਡਾ, 20 ਮਈ: ਬਠਿੰਡਾ ਜ਼ਿਲੇ ਵਿਚ ਹੁਣ ਤੱਕ ਕੁੱਲ 1901 ਨਮੂਨੇ ਕੋਵਿਡ 19 ਦੀ ਜਾਂਚ ਲਈ ਲਏ ਗਏ ਹਨ। ਇਹ ਜਾਣਕਾਰੀ ਜ਼ਿਲੇ ਦੇ ਡਿਪਟੀ ਕਮਿਸ਼ਨਰ ਸ੍ਰੀ ਬੀ ਸ੍ਰੀ ਨਿਵਾਸਨ ਆਈਏਐਸ ਨੇ ਦਿੱਤੀ ਹੈ। ਉਨਾਂ ਨੇ ਦੱਸਿਆ ਕਿ ਜ਼ਿਲੇ ਵਿਚ ਇਕ ਹੋਰ ਵਿਅਕਤੀ ਕਰੋਨਾ ਤੇ ਫਤਿਹ ਪਾ ਕੇ ਘਰ ਪਰਤ ਚੁੱਕਾ ਹੈ। ਇਸ ਤਰਾਂ ਹੁਣ ਤੱਕ ਜ਼ਿਲੇ ਵਿਚ 40 ਲੋਕ ਠੀਕ ਹੋ ਕੇ ਘਰਾਂ ਨੂੰ ਪਰਤੇ ਹਨ। ਇਸ ਸਮੇਂ ਡਾਕਟਰੀ ਦੇਖਰੇਖ ਹੇਠ ਕੇਵਲ 3 ਲੋਕ ਹਨ। ਬੀਤੇ ਕੱਲ ਵੀ 52 ਹੋਰ ਨੈਗੇਟਿਗ ਰਿਪੋਰਟਾਂ ਪ੍ਰਾਪਤ ਹੋਈਆਂ ਸਨ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਲਏ ਗਏ ਕੁੱਲ 1901 ਨਮੂਨਿਆਂ ਵਿਚੋਂ 68 ਦੀ ਰਿਪੋਰਟ ਉਡੀਕੀ ਜਾ ਰਹੀ ਹੈ। ਜਦ ਕਿ 1790 ਦੀ ਰਿਪੋਰਟ ਨੈਗੇਟਿਵ ਮਿਲੀ ਹੈ। 43 ਜਣਿਆਂ ਦੀ ਰਿਪੋਰਟ ਪਾਜਿਟਿਗ ਆਈ ਸੀ ਜਿੰਨਾਂ ਵਿਚੋਂ ਹੁਣ ਕੇਵਲ 3 ਐਕਟਿਵ ਕੇਸ ਬਕਾਇਆ ਰਹਿ ਗਏ ਹਨ।

ਡਿਪਟੀ ਕਮਿਸ਼ਨਰ ਨੇ ਇਸ ਮੌਕੇ ਜ਼ਿਲੇ ਦੇ ਲੋਕਾਂ ਦਾ ਕੋਵਿਡ 19 ਦੇ ਪਸਾਰ ਨੂੰ ਰੋਕਣ ਵਿਚ ਸਹਿਯੋਗ ਲਈ ਧੰਨਵਾਦ ਕਰਦਿਆਂ ਕਿਹਾ ਕਿ ਹੁਣ ਜਦ ਸਰਕਾਰ ਵੱਲੋਂ ਬਹੁਤ ਸਾਰੀਆਂ ਛੋਟਾਂ ਦਿੱਤੀਆਂ ਗਈਆਂ ਹਨ ਤਾਂ ਲੋਕਾਂ ਨੂੰ ਵਧੇਰੇ ਜਿੰਮੇਵਾਰੀ ਦਾ ਅਹਿਸਾਸ ਕਰਦਿਆਂ ਜਿਆਦਾ ਸਾਵਧਾਨੀ ਰੱਖਣੀ ਪਵੇਗੀ ਤਾਂ ਜੋ ਇਸ ਬਿਮਾਰੀ ਨੂੰ ਅਸੀਂ ਪੂਰੀ ਤਰਾਂ ਮਾਤ ਦੇ ਸਕੀਏ।

I/26180/2020